21

ਪੰਜਾਬ ਵਿਧਾਨ ਸਭਾ ਸਕੱਤਰੇਤ

(ਪੈਨਸ਼ਨ ਸ਼ਾਖਾ)

ਨੰ:52-ਐਕਸ ਐਮ.ਐਲ.ਏ.-ਮੁਫਤ ਸਫਰ-95-2000/ 29034
27/9

ਸੇਵਾ ਵਿਖੇ,

**ਕਾਮਰੇਡ ਸਤਿਆਪਾਲ ਡਾਂਗ, ਸਾਬਕਾ ਵਿਧਾਇਕ**

**ਮਕਾਨ ਨੰ:345, ਸੈਕਟਰ 21ਏ,**

**ਚੰਡੀਗੜ੍ਹ.**

ਮਿਤੀ ਚੰਡੀਗੜ੍ਹ-160001,

ਵਿਸ਼ਾ:- ਸਾਬਕਾ ਵਿਧਾਇਕਾਂ ਨੂੰ ਪੰਜਾਬ ਰੋਡਵੇਜ ਅਤੇ ਪੀ.ਆਰ.ਟੀ.ਸੀ.ਦੀਆਂ ਬੱਸਾਂ ਵਿੱਚ ਮੁਫਤ ਸਫਰ ਕਰਨ ਸਬੰਧੀ ਜਰਨੀ ਵਾਊਚਰਾਂ ਦੀ ਜਗ੍ਹਾ ਸ਼ਨਾਖਤੀ ਕਾਰਡ ਤੇ ਸਫਰ ਕਰਨ ਸਬੰਧੀ।

*****

ਸ੍ਰੀਮਾਨ ਜੀ,

ਮੈਨੂੰ ਆਪਜੀ ਨੂੰ ਇਹ ਦਸਣ ਦੀ ਹਦਾਇਤ ਹੋਈ ਹੈ ਕਿ ਮਿਤੀ 6.7.2000 ਨੂੰ ਮਾਨਯੋਗ ਸਪੀਕਰ, ਪੰਜਾਬ ਵਿਧਾਨ ਸਭਾ ਜੀ ਦੀ ਪ੍ਰਧਾਨਗੀ ਹੇਠ ਹੋਈ ਟਰਾਂਸਪੋਰਟ ਵਿਭਾਗ ਪੰਜਾਬ ਦੇ ਅਧੀਕਾਰੀਆਂ ਨਾਲ ਹੋਈ ਮੀਟਿੰਗ ਵਿੱਚ ਇਹ ਫੈਸਲਾ ਲਿਆ ਗਿਆ ਸੀ ਕਿ ਪੰਜਾਬ ਰਾਜ ਦੇ ਸਾਬਕਾ ਵਿਧਾਇਕਾਂ ਜਾਂ ਉਨ੍ਹਾਂ ਦੇ ਪਤੀ/ਪਤਨੀਆਂ ਨੂੰ ਪੰਜਾਬ ਰੋਡਵੇਜ/ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਦੀਆਂ ਬੱਸਾਂ ਵਿੱਚ ਮੁਫਤ ਸਫਰ ਕਰਨ ਸਮੇਂ ਆਇੰਦਾ ਲਈ ਉਨ੍ਹਾਂ ਤੋਂ ਜਰਨੀ ਵਾਊਚਰ ਨਹੀਂ ਮੰਗੇ ਜਾਣਗੇ, ਸਾਬਕਾ ਵਿਧਾਇਕਾਂ . ਉਨ੍ਹਾਂ ਦੇ ਪਤੀ/ਪਤਨੀਆਂ ਦੁਆਰਾ ਵਿਧਾਨ ਸਭਾ ਵਲੋਂ ਜਾਰੀ ਕੀਤਾ ਗਿਆ ਸ਼ਨਾਖਤੀ ਕਾਰਡ ਵਿਖਾਉਣਾ ਹੀ ਕਾਫੀ ਹੋਵੇਗਾ।

ਇਸ ਸਬੰਧੀ ਡਾਇਰੈਕਟਰ ਸਟੇਟ ਟ੍ਰਾਂਸਪੋਰਟ, ਪੰਜਾਬ ਵਲੋਂ ਪੰਜਾਬ ਰੋਡਵੇਜ/ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਦੇ ਸਮੂਹ ਡਿਵੀਜਨਲ ਮੈਨੇਜਰਾਂ/ਜਨਰਲ ਮੈਨੇਜਰਾਂ ਨੂੰ ਹਦਾਇਤ ਕੀਤਾ ਹੈ ਕਿ ਇਨ੍ਹਾਂ ਹਦਾਇਤਾਂ/ਹੁਕਮਾਂ ਦੀ ਇੰਨ ਬਿੰਨ ਪਾਲਣਾ ਕੀਤੀ ਜਾਵੇ ਅਤੇ ਇਸ ਸਬੰਧ ਵਿੱਚ ਡਰਾਇਵਰਾਂ/ਕੰਡਕਟਰਾਂ/ਇੰਸਪੈਕਟਰਾਂ ਅਤੇ ਹੋਰ ਸਬੰਧਤ ਟਰੈਫਿਕ ਸਟਾਫ ਨੂੰ ਵੀ ਇਨ੍ਹਾਂ ਹਦਾਇਤਾਂ ਦੀ ਪਾਲਣਾ ਕਰਨ ਹਿਤ ਪਾਬੰਧ ਕੀਤਾ ਜਾਵੇ। ਟਰਾਂਸਪੋਰਟ ਵਿਭਾਗ, ਪੰਜਾਬ ਵਲੋਂ ਮਿਤੀ 9 ਅਗਸਤ,2000 ਨੂੰ ਜਾਰੀ ਕੀਤੀਆਂ ਹਦਾਇਤਾਂ ਦੀ ਕਾਪੀ ਆਪਜੀ ਨੂੰ ਸੂਚਨਾ ਹਿਤ ਭੇਜੀ ਜਾਂਦੀ ਹੈ।

ਵਿਸ਼ਵਾਸ ਪਾਤਰ,

(ਦਸਤਖਤ)

ਅਧੀਨ ਸਕੱਤਰ।

(ਕਾਪੀ)

ਦਫ਼ਤਰ ਡਾਇਰੈਕਟਰ ਸਟੇਟ ਟਰਾਂਸਪੋਰਟ,ਪੰਜਾਬ,ਚੰਡੀਗੜ੍ਹ।

ਸੇਵਾ ਵਿਖੇ,

1. ਸਮੂਹ ਡਵੀਜਨਲ ਮੈਨੇਜਰ,
ਪੰਜਾਬ ਰੋਡਵੇਜ।

2. ਸਮੂਹ ਜਨਰਲ ਮੈਨੇਜਰ,
ਪੰਜਾਬ ਰੋਡਵੇਜ।

ਮੀਮੋ ਨੰ: 6(2)/ਸੀਏ2/10126 - 46,ਮਿਤੀ 9.8.2000

ਵਿਸ਼ਾ:- ਸਾਬਕਾ ਵਿਧਾਇਕਾਂ ਨੂੰ ਪੰਜਾਬ ਰੋਡਵੇਜ ਅਤੇ ਪੀ.ਆਰ.ਟੀ.ਸੀ. ਦੀਆਂ ਬੱਸਾਂ ਵਿੱਚ ਮੁਫਤ ਸਫਰ ਕਰਨ ਸਬੰਧੀ ਜਰਨੀ ਵਾਊਚਰਾਂ ਦੀ ਜਗ੍ਹਾ ਸ਼ਨਾਖਤੀ ਕਾਰਡ ਜਾਰੀ ਕਰਨ ਬਾਰੇ।

****

ਉਪਰੋਕਤ ਵਿਸ਼ੇ ਦੇ ਹਵਾਲੇ ਵਿੱਚ।

ਵਿਸ਼ੇ ਸਬੰਧੀ ਮਿਤੀ 6.7.2000 ਨੂੰ ਮਾਨਯੋਗ ਸਪੀਕਰ,ਪੰਜਾਬ ਵਿਧਾਨ ਸਭਾ ਜੀ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਫੈਸਲਾ ਲਿਆ ਗਿਆ ਕਿ ਪੰਜਾਬ ਰਾਜ ਦੇ ਸਾਬਕਾ ਵਿਧਾਇਕਾਂ ਜਾਂ ਉਨ੍ਹਾਂ ਦੇ ਪਤੀ/ਪਤਨੀਆਂ ਨੂੰ ਪੰਜਾਬ ਰੋਡਵੇਜ/ਪੀ.ਆਰ.ਟੀ.ਸੀ. ਦੀਆਂ ਬੱਸਾਂ ਵਿੱਚ ਮੁਫਤ ਸਫਰ ਕਰਨ ਸਮੇਂ ਇਹਨ੍ਹਾਂ ਕੋਲੋਂ ਜਰਨੀ ਵਾਊਚਰਾਂ ਦੀ ਮੰਗ ਨਹੀਂ ਕੀਤੀ ਜਾਵੇਗੀ ਅਤੇ ਇਹਨਾਂ ਨੂੰ ਪੰਜਾਬ ਵਿਧਾਨ ਸਭਾ ਵਲੋਂ ਜਾਰੀ ਕੀਤਾ ਗਿਆ ਜਾਇਜ਼ (ਵੈਲਿਡ) ਪਛਾਣ ਕਾਰਡ ਵਿਖਾਉਣਾ ਹੀ ਕਾਫੀ ਹੋਵੇਗਾ।

ਇਸ ਸਬੰਧੀ ਸਮੂਹ ਡਵੀਜਨਲ ਮੈਨੇਜਰਾਂ/ਜਨਰਲ ਮੈਨੇਜਰਾਂ,ਪੰਜਾਬ ਰੋਡਵੇਜ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਇਨ੍ਹਾਂ ਹਦਾਇਤਾਂ/ਹੁਕਮਾਂ ਦੀ ਇੰਨ ਬਿੰਨ ਪਾਲਣਾ ਕੀਤੀ ਜਾਵੇ ਅਤੇ ਇਸ ਸਬੰਧੀ ਡਰਾਇਵਰਾਂ/ਕੰਡੈਕਟਰਾਂ/ਇੰਸਪੈਕਟਰਾਂ ਅਤੇ ਹੋਰ ਸਬੰਧਤ ਟਰੈਫਿਕ ਸਟਾਫ ਨੂੰ ਇਹਨਾਂ ਹਦਾਇਤਾਂ ਦੀ ਪਾਲਣਾ ਕਰਨ ਹਿਤ ਪਾਬੰਦ ਕੀਤਾ ਜਾਵੇ।

ਇਹ ਹੁਕਮ ਤੁਰੰਤ ਲਾਗੂ ਹੋਣਗੇ।

ਸਹੀ/-
ਡਾਇਰੈਕਟਰ,ਸਟੇਟ ਟਰਾਂਸਪੋਰਟ,ਪੰਜਾਬ।

ਪਿੱਠ ਅੰਕਣ ਨੰ:6(2)/ਸੀਏ2/10147 - 51,ਮਿਤੀ 9.8.2000

ਇਸਦਾ ਉਤਾਰਾ ਨਿਮਨਲਿਖਤ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ :-

1) ਸਕੱਤਰ,ਪੰਜਾਬ ਸਰਕਾਰ,ਟਰਾਂਸਪੋਰਟ ਵਿਭਾਗ,ਪੰਜਾਬ,ਚੰਡੀਗੜ੍ਹ ਨੂੰ ਸਰਕਾਰ ਦੇ ਪੱਤਰ ਨੰ:12/1/99-4ਟੀ(1)/10198,ਮਿਤੀ 28.7.2000 ਦੇ ਹਵਾਲੇ ਵਿੱਚ
2) ਅਧੀਨ ਸਕੱਤਰ,ਪੰਜਾਬ ਵਿਧਾਨ ਸਭਾ ਸਕੱਤਰੇਤ(ਪੈਨਸ਼ਨ ਸ਼ਾਖਾ)ਚੰਡੀਗੜ੍ਹ.
3) ਮੈਨੇਜਿੰਗ ਡਾਇਰੈਕਟਰ,ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ,ਪਟਿਆਲਾ
4) ਸਟੇਸ਼ਨ ਸੁਪਰਵਾਈਜ਼ਰ,ਪੰਜਾਬ ਰੋਡਵੇਜ ਇਨਕੁਆਰੀ, ਬੱਸ ਸਟੈਂਡ,ਚੰਡੀਗੜ੍ਹ
5) ਸਟੇਸ਼ਨ ਇੰਚਾਰਜ(ਪੰਜਾਬ ਰੋਡਵੇਜ)ਆਈ.ਐਸ.ਬੀ.ਟੀ.,ਦਿੱਲੀ।

ਸਹੀ/-
ਡਾਇਰੈਕਟਰ,ਸਟੇਟ ਟਰਾਂਸਪੋਰਟ,ਪੰਜਾਬ।